# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 20-06-2024**

ਕੇਂਦਰੀ ਕੈਬਿਨੇਟ ਨੇ 14 ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ MSP ਵਧਾਉਣ ਦਾ ਫੈਸਲਾ ਕੀਤਾ ਏ। ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ, ਕਲ ਹੋਈ ਕੈਬਿਨੇਟ ਮੀਟਿੰਗ ਵਿਚ MSP ਸਮੇਤ ਕਈ ਹੋਰ ਅਹਿਮ ਫੈਸਲੇ ਲਏ ਗਏ। ਮੀਡੀਆ ਨੂੰ ਕੈਬਿਨੇਟ ਦੇ ਫੈਸਲਿਆਂ ਦੀ ਜਾਣਕਾਰੀ ਦੇਂਦਿਆਂ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ, ਕਿ ਮੰਡੀਕਰਨ ਸੀਜ਼ਨ 2024-25 ਲਈ, ਸਾਉਣੀ ਦੀਆਂ 14 ਫ਼ਸਲਾਂ 'ਤੇ MSP ਵਿਚ ਵਾਧੇ ਨੂੰ ਮਨਜ਼ੂਰੀ ਦਿੱਤੀ ਗਈ ਏ। ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਵੱਧ ਵਾਧਾ ਤੇਲ ਬੀਜਾਂ ਅਤੇ ਦਾਲਾਂ ਲਈ ਕੀਤਾ ਗਿਆ ਏ। ਝੋਨੇ ਦਾ ਭਾਅ 117 ਰੁਪਏ ਵਧਾ ਕੇ, 2 ਹਜ਼ਾਰ 300 ਰੁਪਏ ਪ੍ਰਤੀ ਕਵਿੰਟਲ, ਹਾਈਬ੍ਰਿਡ ਗ੍ਰੇਡ ਜਵਾਰ ਲਈ MSP 191 ਰੁਪਏ ਵਧਾ ਕੇ,

3 ਹਜ਼ਾਰ 371 ਰੁਪਏ ਪ੍ਰਤੀ ਕਵਿੰਟਲ, ਬਾਜਰੇ ਦਾ 125 ਰੁਪਏ ਵਧਾ ਕੇ 2 ਹਜ਼ਾਰ 625 ਰੁਪਏ ਪ੍ਰਤੀ ਕਵਿੰਟਲ, ਮੱਕੀ ਦਾ 135 ਰੁਪਏ ਵਧਾ ਕੇ, 2 ਹਜ਼ਾਰ 225 ਰੁਪਏ ਪ੍ਰਤੀ ਕਵਿੰਟਲ ਅਤੇ ਰਾਗੀ ਦਾ 444 ਰੁਪਏ ਵਧਾ ਕੇ 4 ਹਜ਼ਾਰ 290 ਰੁਪਏ ਪ੍ਰਤੀ ਕਵਿੰਟਲ ਕੀਤਾ ਗਿਆ ਏ। ਦਾਲਾਂ ਦੀ ਦਰਾਮਦ ਤੇ ਦੇਸ਼ ਦੀ ਨਿਰਭਰਤਾ ਘੱਟ ਕਰਨ ਲਈ, ਅਰਹਰ ਦਾ MSP 550 ਰੁਪਏ ਵਧਾ ਕੇ 7 ਹਜ਼ਾਰ 550 ਰੁਪਏ ਪ੍ਰਤੀ ਕਵਿੰਟਲ, ਮਾਂਹ ਲਈ 450 ਰੁਪਏ ਵਧਾ ਕੇ 7 ਹਜ਼ਾਰ 400 ਰੁਪਏ ਪ੍ਰਤੀ ਕਵਿੰਟਲ ਅਤੇ ਮੂੰਗੀ ਲਈ 124 ਰੁਪਏ ਵਧਾ ਕੇ 8 ਹਜ਼ਾਰ 682 ਰੁਪਏ ਪ੍ਰਤੀ ਕਵਿੰਟਲ ਕੀਤਾ ਗਿਆ ਏ। ਸੂਰਜਮੁਖੀ ਦੇ ਬੀਜ ਦਾ MSP 520 ਰੁਪਏ ਵਧਾ ਕੇ, 7 ਹਜ਼ਾਰ 280 ਰੁਪਏ ਪ੍ਰਤੀ ਕਵਿੰਟਲ, ਮੂੰਗਫਲੀ ਲਈ 406 ਰੁਪਏ ਵਧਾ ਕੇ 6 ਹਜ਼ਾਰ 783 ਰੁਪਏ ਪ੍ਰਤੀ ਕਵਿੰਟਲ ਅਤੇ ਕਪਾਹ ਦਾ 501 ਰੁਪਏ ਵਧਾ ਕੇ 7 ਹਜ਼ਾਰ 121 ਤੇ 7 ਹਜ਼ਾਰ 521 ਰੁਪਏ ਪ੍ਰਤੀ ਕਵਿੰਟਲ ਕੀਤਾ ਗਿਆ ਏ। ਉਨ੍ਹਾਂ ਕਿਹਾ ਕਿ ਝੋਨੇ, ਕਪਾਹ, ਬਾਜਰੇ, ਦਾਲਾਂ ਅਤੇ ਤੇਲ ਬੀਜਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਕੀਤੇ ਗਏ ਇਸ

ਮਹੱਤਵਪੂਰਨ ਵਾਧੇ ਦਾ ਕਿਸਾਨਾਂ ਨੂੰ ਲਾਭ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ, ਦੇਸ਼ ਭਰ ਵਿੱਚ 2 ਲੱਖ ਵੇਅਰ ਹਾਊਸ ਬਣਾਉਣ 'ਤੇ ਕੰਮ ਕਰ ਰਹੀ ਏ।

---------------------------------------------------------------

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ, ਚੰਡੀਗੜ੍ਹ ਵਿੱਚ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਸੂਬੇ ਵਿੱਚ ਨਸ਼ਿਆਂ ਤੋਂ ਪ੍ਰਭਾਵਿਤ ਥਾਂਵਾਂ ਦੀ ਸ਼ਨਾਖ਼ਤ ਕਰਨ ਦੇ ਨਾਲ-ਨਾਲ, ਸੂਬੇ ’ਚ ਪਾਬੰਦੀਸ਼ੁਦਾ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ’ਤੇ ਜ਼ੋਰ ਦਿੱਤਾ ਏ। ਉਨ੍ਹਾਂ ਸਿਹਤ ਵਿਭਾਗ ਨੂੰ ਨਵੀਂ ਭਰਤੀ ਅਤੇ ਤਰੱਕੀਆਂ ਰਾਹੀਂ ਡਰੱਗ ਕੰਟਰੋਲਰਾਂ ਦੀ ਸਮਰੱਥਾ ਵਧਾਉਣ ਲਈ ਵੀ ਕਿਹਾ ਅਤੇ ਦਸਿਆ ਕਿ ਸਰਕਾਰ, ਸੂਬੇ ਵਿੱਚ ਨਸ਼ਾ ਤਸਕਰਾਂ ਨੂੰ ਸਖ਼ਤ ਸਜ਼ਾਵਾਂ ਯਕੀਨੀ ਬਣਾਉਣ ਲਈ ਕਈ ਸੁਧਾਰ ਕਰਨ ਬਾਰੇ ਵੀ ਵਿਚਾਰ ਕਰ ਰਹੀ ਏ। ਮੁੱਖ ਸਕੱਤਰ ਨੇ ਕਿਹਾ ਕਿ ਨਸ਼ਿਆਂ ਨੂੰ ਰੋਕਣ ਬਾਰੇ ਐਕਟ ਪੂਰੀ ਮੁਸਤੈਦੀ ਤੇ ਤਨਦੇਹੀ ਨਾਲ ਲਾਗੂ ਕੀਤਾ ਜਾਵੇ, ਨਸ਼ਾ ਤਸਕਰਾਂ ਨੂੰ

ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ ਅਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨਾ ਵੀ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਮਾਲ ਵਿਭਾਗ ਅਤੇ ਪੁਲਿਸ ਨੂੰ, ਇੱਕ ਦੂਜੇ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡਰੱਗ ਮਨੀ ਰਾਹੀਂ ਹਾਸਲ ਕੀਤੀ ਹਰ ਜਾਇਦਾਦ ਜ਼ਬਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ NC-ORD ਦੀਆਂ ਮੀਟਿੰਗਾਂ ਸੂਬਾ ਅਤੇ ਜ਼ਿਲ੍ਹਾ ਪੱਧਰ ’ਤੇ ਨਿਰੰਤਰ ਹੋਣੀਆਂ ਚਾਹੀਦੀਆਂ ਨੇ।

---------------------------------------------------------------

ਪਿਛਲੇ ਸਾਲਾਂ ਵਾਂਗ, ਇਸ ਵਾਰ ਵੀ 21 ਜੂਨ ਨੂੰ ਆ ਰਹੇ 10ਵੇਂ ਕੌਮਾਂਤਰੀ ਯੋਗ ਦਿਵਸ ਨੂੰ ਲੈ ਕੇ, ਸੂਬੇ ਭਰ ਦੇ ਲੋਕਾਂ ਵਿਚ ਬਹੁਤ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਏ। ਆਮ ਲੋਕ ਯੋਗ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾ ਕੇ, ਜ਼ਿੰਦਗੀ ਨੂੰ ਸੁਖਾਲਾ ਬਣਾ ਰਹੇ ਨੇ ਅਤੇ ਹੋਰਨਾਂ ਨੂੰ ਵੀ ਅਜਿਹਾ ਹੀ ਕਰਨ ਦੀ ਅਪੀਲ ਕਰ ਰਹੇ ਨੇ।

---------------------------------------------------------------

ਪੰਜਾਬ ਵਿੱਚ ਮੌਸਮ ਦਾ ਮਿਜ਼ਾਜ ਬਦਲਣ ਨਾਲ ਲੋਕਾਂ ਨੂੰ ਕਈ ਦਿਨਾਂ ਤੋਂ

ਪੈ ਰਹੀ ਅੱਤ  ਦੀ ਗਰਮੀ ਤੋਂ ਮਾਮੂਲੀ ਰਾਹਤ ਮਿਲੀ ਏ। ਪੱਛਮੀ ਗੜਬੜੀ ਦੇ ਚੱਲਦਿਆਂ, ਬੀਤੀ ਸ਼ਾਮ ਦੇ ਮਾਝੇ ਤੇ ਦੋਆਬੇ ਦੇ ਕਈ ਜ਼ਿਲਿਆਂ ਵਿਚ ਜਬਰਦਸਤ ਹਨੇਰੀ ਝੱਖੜ ਝੁਲਿਆ ਅਤੇ ਉਸ ਤੋਂ ਬਾਅਦ, ਹਲਕਾ ਮੀਂਹ ਪਿਆ। ਅੰਮ੍ਰਿਤਸਰ ਦੇ ਕੁਝ ਇਲਾਕਿਆਂ 'ਚ ਮੀਂਹ ਦੇ ਨਾਲ ਥੋੜ੍ਹੀ ਗੜੇਮਾਰੀ ਵੀ ਹੋਈ। ਜਲੰਧਰ, ਹੁਸ਼ਿਆਰਪੁਰ, ਪਠਾਨਕੋਟ, ਰੋਪੜ, ਆਨੰਦਪੁਰਸਾਹਿਬ, ਲੁਧਿਆਣਾ, ਮੁਹਾਲੀ , ਫਾਜ਼ਿਲਕਾ ਤੇ ਪਟਿਆਲਾ ਦੇ ਕੁਝ ਇਲਾਕਿਆਂ 'ਚ ਹਨੇਰੀ ਤੋਂ ਬਾਅਦ, ਮੀਂਹ ਪੈਣ ਕਾਰਨ ਤਾਪਮਾਨ ਵਿਚ ਵੀ ਗਿਰਾਵਟ ਦਰਜ ਕੀਤੀ ਗਈ ਏ। ਹਨੇਰੀ ਚੱਲਣ ਕਾਰਨ ਕਈ ਥਾਵਾਂ 'ਤੇ ਦਰੱਖਤਾਂ ਦੇ ਟਾਹਣੇ ਟੁੱਟ ਗਏ ਅਤੇ ਦੁਕਾਨਾਂ 'ਤੇ ਲੱਗੇ ਬੋਰਡ ਵੀ ਉੱਖੜ ਗਏ। ਉਸ ਤੋਂ ਬਾਅਦ ਪਏ ਮੀਂਹ ਨੇ, ਲੋਕਾਂ ਨੂੰ ਗਰਮੀ ਤੋਂ ਰਾਹਤ ਦਿਵਾਈ। ਬਦਲੇ ਮੌਸਮ ਨਾਲ ਆਮ ਲੋਕਾਂ ਦੇ ਨਾਲ ਨਾਲ, ਕਿਸਾਨਾਂ ਦੇ ਚਿਹਰੇ ਵੀ ਖਿੜ ਗਏ ਨੇ।